Office of the Deputy Commissioner & Distt. Magistrate, Bathinda
(Corona Monitoring Cell)

## ਦਫਤਰੀ ਹੁਕਮ

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਨਿਮਨਹਸਤਾਖਰ ਵੱਲੋ ਪਿੱਠ ਅੰਕਣ ਨੰਬਰ 5713-99 ਮਿਤੀ 23-3/2020 ਰਾਹੀਂ ਅਧੀਨ ਧਾਰਾ 144 ਫੌਜ਼ਦਾਰੀ ਜਾਬਤਾ ਸੰਘਤਾ, 1973 ਬਠਿੰਡਾ ਜ਼ਿਲ੍ਹਾ ਦੀ ਹਦੂਦ ਅੰਦਰ ਕਿਸੇ ਵੀ ਪਬਲਿਕ ਦੇ ਵਿਅਕਤੀ ਨੂੰ ਘਰ ਤੋਂ ਬਾਹਰ ਸੜਕ ਜਾਂ ਪਬਲਿਕ ਜਗ੍ਹਾ ਤੇ ਆਉਣ ਤੋਂ ਮਨਾਹੀ ਕਰਦੇ ਹੋਏ ਕਰਫਿਊ ਦੇ ਹੁਕਮ ਜਾਰੀ ਕੀਤੇ ਗਏ ਸਨ।

ਮੁੱਖ ਖੇਤੀਬਾੜੀ ਅਫ਼ਸਰ, ਬਠਿੰਡਾ ਵੱਲੋਂ ਨਿਮਨ ਹਸਤਾਖਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਐਨ.ਐਫ.ਐਲ, ਬਠਿੰਡਾ ਦਾ ਯੂਰੀਆ ਦਾ ਰੈਕ ਮਿਤੀ 05.04.2020 ਅਤੇ ਇਫਕੋ, ਬਠਿੰਡਾ ਦਾ ਯੂਰੀਆ ਦਾ ਰੈਕ ਮਿਤੀ 06.04.2020 ਨੂੰ ਲਗਣਾ ਹੈ।

ਜ਼ਿਲ੍ਹਾ ਬਠਿੰਡਾ ਦੇ ਕਿਸਾਨਾਂ/ਵਸਨੀਕਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਐਨ.ਐਫ.ਐਲ, ਬਠਿੰਡਾ ਨੂੰ ਮਿਤੀ 05.04.2020 ਅਤੇ ਇਫਕੋ, ਬਠਿੰਡਾ ਨੂੰ ਮਿਤੀ 06.04.2020 ਨੂੰ ਰੈਕ ਵਿੱਚੋਂ ਯੂਰੀਆ ਨੂੰ ਉਤਾਰਣ ਅਤੇ ਇਸ ਦੀ ਸਪਲਾਈ ਕੋਆਪਰੇਟਿਵ ਸੁਸਾਇਟੀਆਂ ਨੂੰ ਕਰਨ ਲਈ ਕਰਫਿਊ ਵਿੱਚੋਂ ਢਿੱਲ ਦਿੱਤੀ ਜਾਂਦੀ ਹੈ।

ਇਸ ਦੌਰਾਨ ਇੰਨ੍ਹਾਂ ਨੂੰ ਕਰਫਿਊ ਪਾਸ ਜਾਰੀ ਕਰਨ ਲਈ ਅਧਿਕਾਰ ਮੁੱਖ ਖੇਤੀਬਾੜੀ ਅਫਸਰ, ਬਠਿੰਡਾ ਨੂੰ ਦਿੱਤੇ ਜਾਂਦੇ ਹਨ। ਉਹ ਇਸ ਮੰਤਵ ਲਈ ਸਿਰਫ ਨਿਯਤ ਮਿਤੀ ਲਈ ਪਾਸ ਜਾਰੀ ਕਰਨਗੇ ਅਤੇ ਉਸ ਦੀ ਲਿਸਟ ਰਿਪੋਰਟ ਇਸ ਦਫਤਰ ਪਾਸ ਭੇਜਣਗੇ।

ਇਹ ਏਜੰਸੀਆਂ ਕੋਵਿਡ-19 ਨਾਲ ਸਬੰਧਤ ਭਾਰਤ ਸਰਕਾਰ/ਰਾਜ ਸਰਕਾਰ ਅਤੇ ਨਿਮਨਹਸਤਾਖਰ ਵੱਲੋਂ ਜਾਰੀ ਕੀਤੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨਗੇ ਅਤੇ ਜੇਕਰ ਉਨ੍ਹਾਂ ਵੱਲੋਂ ਕੋਵਿਡ -19 ਨਾਲ ਸਬੰਧਤ ਹਦਾਇਤਾਂ ਦੀ ਕੋਈ ਵੀ ਉਲੰਘਣਾ ਕੀਤੀ ਗਈ ਤਾਂ ਉਨ੍ਹਾਂ ਵਿਰੁੱਧ ਕਰੀਮਨਲ ਕਾਰਵਾਈ ਕੀਤੀ ਜਾਵੇਗੀ।

ਜ਼ਿਲਾ ਮੈਜਿਸਟਰੇਟ,
ਬਠਿੰਡਾ।

ਪਿੱ.ਅੰਕਣ ਨੰ: 943-961 /CMC ਮਿਤੀ 03/04/2020

ਇਸ ਦਾ ਇੱਕ ਉਤਾਰਾ:

1. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
2. ਕਮਿਸ਼ਨਰ, ਨਗਰ ਨਿਗਮ, ਬਠਿੰਡਾ
3. ਵਧੀਕ ਡਿਪਟੀ ਕਮਿਸ਼ਨਰ (ਜਨਰਲ) / (ਵਿਕਾਸ), ਬਠਿੰਡਾ
4. ਉਪ ਮੰਡਲ ਮੈਜਿਸਟਰੇਟ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
5. ਤਹਿਸੀਲਦਾਰ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
6. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ
7. ਸਿਵਲ ਸਰਜਨ, ਬਠਿੰਡਾ
8. ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਬਠਿੰਡਾ
9. ਮੁੱਖ ਖੇਤੀਬਾੜੀ ਅਫਸਰ ਬਠਿੰਡਾ
10. ਡਿਪਟੀ ਰਜਿਸਟਰਾਰ, ਕੋਆਪਰੇਟਿਵ ਸੁਸਾਇਟੀਜ਼ ਬਠਿੰਡਾ
11. ਜਨਰਲ ਮੈਨੇਜਰ, ਐਨ.ਐਫ.ਐਲ, ਬਠਿੰਡਾ।
12. ਜ਼ਿਲ੍ਹਾ ਮੈਨੇਜਰ, ਇਫਕੋ, ਬਠਿੰਡਾ

ਪਾਸ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ।